# ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ) ਬਠਿੰਡਾ

ਵੱਲ

ਸਮੂਹ ਸਕੂਲ ਮੁਖੀ,
ਸਸਸਸ/ਸਹਸ/ਸਮਸ,
ਜਿਲ੍ਹਾ ਬਠਿੰਡਾ।

ਪੱਤਰ ਨੰ: ਜੀ-4/1(  )2022 / ਆਰ ਟੀ ਆਈ/250
ਮਿਤੀ: 16/6/22

ਵਿਸ਼ਾ: ਆਰ ਟੀ ਆਈ ਐਕਟ 2005 ਅਧੀਨ ਮੰਗੀ ਗਈ ਸੂਚਨਾ ਸੰਬਧੀ।

ਉਪਰੋਕਤ ਵਿਸ਼ੇ ਦੇ ਸੰਬਧ ਵਿਚ ਸ਼੍ਰੀ/ਸ਼੍ਰੀਮਤੀ ਸੰਜੀਵ ਗੋਇਲ ਪੁੱਤਰ ਸ਼੍ਰੀ ਅਸ਼ੋਕ ਕੁਮਾਰ(ਆਰ.ਟੀ.ਆਈ. ਐਕਟਵਿਸਟ) ਮਕਾਨ ਨੰ. 148, ਮਾਡਲ ਟਾਊਨ, ਫੇਸ-1, ਬਠਿੰਡਾ ਨੇ ਆਰ ਟੀ ਆਈ ਐਕਟ 2005 ਅਧੀਨ ਸੂਚਨਾ ਮੰਗੀ ਹੈ ਜਿਸਦਾ ਪੈਰਾ ਨੰ. 2,4,5,6 ਅਤੇ 7 ਆਪ ਦੇ ਸਕੂਲ ਨਾਲ ਸੰਬਧਤ ਹੈ, ਇਸ ਲਈ ਪ੍ਰਾਪਤ ਹੋਈ ਦਰਖਾਸਤ ਦੀ ਕਾਪੀ ਆਰ ਟੀ ਆਈ ਐਕਟ ਦੀ ਧਾਰਾ 6(3) ਅਧੀਨ ਆਪ ਨੂੰ ਟਰਾਂਸਫਰ ਕਰਦੇ ਹੋਏ ਲਿਖਿਆ ਜ਼ਾਦਾ ਹੈ ਕਿ ਆਪਣੇ ਦਫਤਰ/ਸਕੂਲ ਨਾਲ ਸੰਬਧਤ ਸੂਚਨਾਂ ਪ੍ਰਾਰਥੀ ਨੂੰ ਸਿੱਧੇ ਤੌਰ ਤੇ ਸਪਲਾਈ ਕਰਦੇ ਹੋਏ ਇਸ ਦਫਤਰ ਨੂੰ ਵੀ ਸੂਚਿਤ ਕੀਤਾ ਜਾਵੇ।ਜੇਕਰ ਰਿਪੋਰਟ ਨਿਲ ਹੈ ਤਾਂ ਨਿਲ ਸੂਚਨਾ ਵੀ ਭੇਜੀ ਜਾਵੇ । ਇਸ ਵਿਚ ਕਿਸੇ ਕਿਸਮ ਦੀ ਅਣਗਹਿਲੀ ਨਾ ਵਰਤੀ ਜਾਵੇ। ਦੇਰੀ ਨਾਲ ਸੂਚਨਾ ਭੇਜਣ ਦੀ ਜਿੰਮੇਵਾਰੀ ਆਪ ਦੀ ਨਿਜੀ ਹੋਵੇਗੀ।

ਨੱਥੀ: ਸੂਚਨਾ ਦੀ ਫੋਟੋ ਸਟੇਟ ਕਾਪੀ।

ਸੁਪਰਡੰਟ 17/6/22.
ਕਮ ਪਬਲਿਕ ਇਨਫਾਰਮੇਸ਼ਨ ਅਫਸਰ,
ਬਠਿੰਡਾ
16/6/22

7685
25-5-22

ਸ੍ਰੀ-ਮ
ਮ.
25/5/22.

ਫਾਰਮ-ਏ

ਸੇਵਾ ਵਿਖੇ (RTI No. 234 Date 25.05. 2022)

ਮਾਨਯੋਗ ਜਨ ਸੂਚਨਾ ਅਧਿਕਾਰੀ, ਦਫਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੀ.ਸੈ.) ਬਠਿੰਡਾ ।

ਵਿਸ਼ਾ : ਸੂਚਨਾ ਦਾ ਅਧਿਕਾਰ ਕਾਨੂੰਨ-2005 ਅਧੀਨ ਸੂਚਨਾ ਲੈਣ ਬਾਰੇ ।

ਸ੍ਰੀ ਮਾਨ/ਮਤੀ ਜੀ,

(1) ਬਠਿੰਡਾ ਜਿਲੇ ਦੇ ਵਿੱਚ ਮੌਜੂਦਾ ਸਮੇਂ ਜੋ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪ੍ਰਾਇਮਰੀ ਸਕੂਲ ਅਤੇ ਆਂਗਣਵਾੜੀ ਸੈਂਟਰ ਹਨ ਉਹਨਾਂ ਸਭ ਦੀ ਕੁੱਲ ਗਿਣਤੀ ਦੀ ਸੂਚਨਾ ਦਿੱਤੀ ਜਾਵੇ ਸਭ ਦੀ ਅਲੱਗ-ਅਲੱਗ ।

(2) ਮੌਜੂਦਾ ਸਮੇਂ ਬਠਿੰਡਾ ਜਿਲੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ, ਪ੍ਰਾਇਮਰੀ ਸਕੂਲਾਂ ਅਤੇ ਆਂਗਣਵਾੜੀ ਸੈਂਟਰਾਂ ਦੇ ਵਿੱਚ ਜਿਨ੍ਹਾਂ-ਜਿਨ੍ਹਾਂ ਵਿੱਚ ਆਰ.ਓ. ਪਲਾਂਟ ਲਗੇ ਹਨ ਉਹਨਾਂ ਦੀ ਕੁੱਲ ਗਿਣਤੀ ਦੀ ਸੂਚਨਾ ਅਤੇ ਜਿਨ੍ਹਾਂ-ਜਿਨ੍ਹਾਂ ਦੇ ਵਿੱਚ ਆਰ.ਓ. ਪਲਾਂਟ ਨਹੀਂ ਲਗੇ ਹਨ ਉਹਨਾਂ ਸਭ ਦੀ ਕੁੱਲ ਗਿਣਤੀ ਦੀ ਸੂਚਨਾ ਦਿੱਤੀ ਜਾਵੇ।

(3) ਮੌਜੂਦਾ ਸਮੇਂ ਬਠਿੰਡਾ ਜਿਲੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ, ਪ੍ਰਾਇਮਰੀ ਸਕੂਲਾਂ ਅਤੇ ਆਂਗਣਵਾੜੀ ਸੈਂਟਰਾਂ ਦੇ ਵਿੱਚ ਲਗੇ ਆਰ.ਓ. ਪਲਾਂਟਾਂ ਦੀ ਗਿਣਤੀ ਸੂਚਨਾ ਦਿੱਤੀ ਜਾਵੇ ਹਰ ਇੱਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪ੍ਰਾਇਮਰੀ ਸਕੂਲ ਅਤੇ ਆਂਗਣਵਾੜੀ ਸੈਂਟਰ ਦੀ ਅਲੱਗ-ਅਲੱਗ ।

(4) ਬਠਿੰਡਾ ਜਿਲੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ, ਪ੍ਰਾਇਮਰੀ ਸਕੂਲਾਂ ਅਤੇ ਆਂਗਣਵਾੜੀ ਸੈਂਟਰਾਂ ਦੇ ਵਿੱਚ ਜਿਸ-ਜਿਸ ਵਿੱਚ ਆਰ.ਓ. ਪਲਾਂਟ ਲਗੇ ਹਨ ਉਹਨਾਂ ਸਭ ਦੇ ਨਾਮ ਅਤੇ ਪੂਰੇ ਪਤੇਆਂ ਦੀ ਲਿਸਟ/ਸੂਚਨਾ ਦਿੱਤੀ ਜਾਵੇ.ਅਤੇ ਜਿਨ੍ਹਾਂ ਦੇ ਵਿੱਚ ਆਰ.ਓ. ਪਲਾਂਟ ਨਹੀਂ ਲਗੇ ਹਨ ਉਹਨਾਂ ਸਭ ਦੇ ਵੀ ਨਾਮ ਅਤੇ ਪੂਰੇ ਪਤੇਆਂ ਦੀ ਲਿਸਟ/ਸੂਚਨਾ ਦਿੱਤੀ ਜਾਵੇ।

(5) ਬਠਿੰਡਾ ਜਿਲੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ, ਪ੍ਰਾਇਮਰੀ ਸਕੂਲਾਂ ਅਤੇ ਆਂਗਣਵਾੜੀ ਸੈਂਟਰਾਂ ਦੇ ਵਿੱਚ ਜੋ-ਜੋ ਪੀਣ ਵਾਲੇ ਪਾਣੀ ਦੇ ਟੈਸਟਾਂ ਦੀਆਂ ਰਿਪੋਟਾਂ ਹਨ ਉਹਨਾਂ ਸਭ ਦੀਆਂ ਨਕਲਾਂ ਦਿੱਤੀਆਂ ਜਾਣ ਸਾਲ 2021 ਅਤੇ ਸਾਲ 2022 ਦੀਆਂ ।

(6) ਮੌਜੂਦਾ ਸਮੇਂ ਲਗੇ ਆਰ.ਟੀ.ਆਈ. ਐਕਟ - 2005 ਦੇ ਲਗੇ ਬੋਰਡਾਂ ਦੀ ਪੂਰੀ ਲੋਕੇਸ਼ਨ ਅਤੇ ਉਹਨਾਂ ਦੀਆਂ ਫੋਟੋਆਂ ਦਿੱਤੀਆਂ ਜਾਣ ।

(7) ਮੌਜੂਦਾ ਸਮੇਂ ਦੇ ਸਾਰੇ ਲੋਕ ਸੂਚਨਾ ਅਫਸਰਾਂ, ਸਹਾਇਕ ਲੋਕ ਸੂਚਨਾ ਅਫਸਰਾਂ ਅਤੇ ਅਪੀਲੇਟ ਅਥਾਰਿਟੀ ਦਾ ਨਾਮ, ਪਦਨਾਮ, ਬ੍ਰਾਂਚ/ਦਫ਼ਤਰ ਦਾ ਨਾਮ, ਸੰਪਰਕ ਨੰਬਰ, ਪੂਰਾ ਪਤਾ ਅਤੇ ਈ-ਮੇਲ ਪਤੇ ਦੀ ਸੂਚਨਾ ਦਿੱਤੀ ਜਾਵੇ।

ਨੋਟ : ਸੂਚਨਾ ਪੜ੍ਹਨ ਯੋਗ ਤੇ PIO ਤੋਂ ਸਰਟੀਫਾਇਡ ਕੀਤੀ ਹੋਵੇ, ਹਰ ਇੱਕ ਨੁਕਤੇ ਦੀ ਸੂਚਨਾ ਦਾ ਖਰਚਾ ਅਲੱਗ-ਅਲੱਗ ਹੀ ਦੱਸਿਆ ਜਾਵੇ, ਜੋ ਵੀ ਪੱਤਰ, ਸਾਰੀ ਸੂਚਨਾ ਲੜੀ ਨੰਬਰ ਮੁਤਾਬਿਕ ਸਿਰਫ਼ ਸਪੀਡ ਪੋਸਟ/ਰਜਿਸਟਰਡ ਪਾਰਸਲ ਰਾਹੀਂ ਹੀ ਭੇਜੀ ਜਾਵੇ ।

ਬਿਨੇਕਾਰ
Sanjeev Goyal
25/05/2022
ਸੰਜੀਵ ਗੋਇਲ ਪੁੱਤਰ ਸ੍ਰੀ ਅਸ਼ੋਕ ਕੁਮਾਰ,
(ਆਰ.ਟੀ.ਆਈ. ਐਕਟੀਵਿਸਟ/ਸਕੱਤਰ, ਗ੍ਰਾਹਕ ਜਾਗੋ)
# 148, ਮਾਡਲ ਟਾਊਨ, ਫੇਸ-1, ਬਠਿੰਡਾ ।

ਆਰ.ਟੀ.ਆਈ. ਫੀਸ ਰੁ: 10/- ਆਈ.ਪੀ.ਓ. ਨੰਬਰ 57F 708872,
ਸਪੀਡ ਪੋਸਟ ਅਤੇ ਡੋਕੂਮੈਂਟਸ ਖਰਚਾ ਰੁ: 20/- ਆਈ.ਪੀ.ਓ. ਨੰਬਰ
70C 473119, 70C 473120, 70C 473121, 70C 473122

ਮਿਤੀ : 25.05.2022